**ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ**
**17 ਬੇਜ਼ ਬਿਲਡਿੰਗ, ਸੈਕਟਰ 17 ਡੀ, ਚੰਡੀਗੜ੍ਹ।**
**(0172-2540125)**

ਸੇਵਾ ਵਿਖੇ,

ਰਾਜ ਦੇ ਸਾਰੇ
ਸਹਾਇਕ ਕਿਰਤ ਕਮਿਸ਼ਨਰ/
ਕਿਰਤ ਤੇ ਸੁਲਾਹ ਅਫਸਰ

ਨੰ:ਬਕਵਵਬ/ਸ-3/2017-18/ 4609
ਮਿਤੀ:16.6.17

**ਵਿਸ਼ਾ:** **ਸਾਲ 2017-18 ਦੌਰਾਨ ਉਸਾਰੀ ਕਿਰਤੀਆਂ ਦੀ "ਲਾਭਪਾਤਰੀ" ਵਜੋਂ ਰਜਿਸਟਰੇਸ਼ਨ ਕਰਨ ਸੰਬਧੀ।**

ਮਾਨਯੋਗ ਪ੍ਰਮੁੱਖ ਸਕੱਤਰ ਕਿਰਤ ਜੀ ਦੀ ਪ੍ਰਧਾਨਗੀ ਹੇਠ ਮਿਤੀ 15.5.2017 ਨੂੰ ਕਿਰਤ ਵਿਭਾਗ ਅਤੇ ਬੀ.ਓ.ਸੀ.ਡਬਲਿਯੂ ਬੋਰਡ ਦੇ ਅਧਿਕਾਰੀਆਂ ਦੀ ਇਕ ਮੀਟਿੰਗ ਹੋਈ। ਇਸ ਮੀਟਿੰਗ ਦੌਰਾਨ ਉਸਾਰੀ ਕਿਰਤੀਆਂ ਦੀ ਬੀ.ਓ.ਸੀ. ਡਬਲਿਯੂ ਐਕਟ ਅਧੀਟ ਰਜਿਸਟਰੇਸ਼ਨ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਵਿਚਾਰ ਵਟਾਂਦਰੇ ਦੌਰਾਨ ਇਹ ਮਹਿਸੂਸ ਕੀਤਾ ਗਿਆ ਕਿ ਪੰਜਾਬ ਵਿਚ ਕਾਫੀ ਉਸਾਰੀ ਮਜਦੂਰ ਹਨ ਅਤੇ ਹੁਣ ਤੱਕ ਕੇਵਲ 5.80 ਲੱਖ ਉਸਾਰੀ ਕਿਰਤੀ ਹੀ ਰਜਿਸਟਰਡ ਹੋਏ ਹਨ। ਇਸ ਸੰਬਧ ਵਿਚ ਇਹ ਫੈਸਲਾ ਲਿਆ ਗਿਆ ਕਿ ਸਾਲ 2017-18 ਦੌਰਾਨ ਉਸਾਰੀ ਕਿਰਤੀਆਂ ਦੀ ਰਜਿਸਟਰੇਸ਼ਨ ਕਰਨ ਸਬੰਧੀ ਫੀਲਡ ਅਧਿਕਾਰੀਆਂ ਦੇ ਸਰਕਲਵਾਰ ਟਾਰਗੈਟ ਨਿਸ਼ਚਿਤ ਕੀਤੇ ਜਾਣ ਅਤੇ ਨਿਸ਼ਚਿਤ ਕੀਤੇ ਗਏ ਟਾਰਗੈਟ ਮੁਤਾਬਕ ਉਹਨਾਂ ਦੇ ਕੰਮ ਦੀ ਸਮੀਖਿਆ ਕੀਤੀ ਜਾਵੇ ਤਾਂ ਜੋ ਉਸਾਰੀ ਕਿਰਤੀਆਂ ਅਤੇ ਉਹਨਾ ਦੇ ਪਰਿਵਾਰਕ ਮੈਂਬਰਾਂ ਨੂੰ ਬੋਰਡ ਵਲੋਂ ਚਲਾਈਆਂ ਜਾ ਰਹੀਆਂ ਕਿਰਤ ਭਲਾਈ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਮਿਲ ਸਕੇ।

ਉਕਤ ਫੈਸਲੇ ਦੇ ਮੱਦੇ ਨਜਰ ਹੇਠ ਲਿਖੇ ਅਨੁਸਾਰ ਫੀਲਡ ਅਧਿਕਾਰੀਆਂ ਦੇ ਉਸਾਰੀ ਕਿਰਤੀਆਂ ਨੂੰ ਬੀ.ਓ.ਸੀ.ਡਬਲਿਯੂ (ਆਰਈਸੀਐਸ) ਐਕਟ, 1996 ਦੇ ਉਪਬੰਧਾਂ ਅਧੀਨ **"ਲਾਭਪਾਤਰੀ"** ਰਜਿਸਟਰ ਕਰਨ ਲਈ ਹੇਠ ਅਨੁਸਾਰ ਸਰਕਲਵਾਰ ਟੀਚੇ ਨਿਸ਼ਚਿਤ ਕੀਤੇ ਗਏ ਹਨ:-

| **ਲੜੀ ਨੰ** | **ਜਿਲੇ ਦਾ ਨਾਂ** | **ਕੁਲ ਅਬਾਦੀ** | **ਉਸਾਰੀ ਕਿਰਤੀਆਂ ਦੀ ਗਿਣਤੀ** | **ਪਹਿਲਾਂ ਰਜਿਸਟਰ ਹੋਏ ਕਿਰਤੀ** | **ਬਾਕੀ ਰਜਿਸਟਰਡ ਕਰਨਯੋਗ ਕਿਰਤੀ** | **ਸਰਕਲ** | **ਸਾਲ 2017-18 ਦਾ ਟੀਚਾ** |
|---|---|---|---|---|---|---|---|
| 1 | ਅੰਮ੍ਰਿਤਸਰ | 2157020 | 129421 | 35244 | 94177 | ਅੰਮ੍ਰਿਤਸਰ-1<br>ਅੰਮ੍ਰਿਤਸਰ-2 | 94177 |
| 2 | ਬਠਿੰਡਾ<br>ਮਾਨਸਾ<br>**ਕੁੱਲ** | 1183295<br>6887588<br>**1872053** | 112323 | 48144 | 64179 | ਬਠਿੰਡਾ | 64179 |
| 3 | ਫਰੀਦਕੋਟ<br>ਮੋਗਾ<br>ਮੁਕੱਤਸਰ<br>**ਕੁੱਲ** | 550892<br>1271713<br>777493<br>**2600098** | 156005 | 55710 | 100295 | ਮੋਗਾ | 100795 |
| 4 | ਫਿਰੋਜਪੁਰ | 1022527 | 61351 | 16761 | 44590 | ਫਿਰੋਜਪੁਰ | 44590 |
| 5 | ਫਾਜਿਲਕਾ | 722980 | 43378 | 24464 | 18914 | ਫਾਜਿਲਕਾ | 18914 |
| 6 | ਫਤਿਹਗੜ੍ਹ ਸਾਹਿਬ | 455926 | 27356 | 17738 | 9618 | ਰਾਜਪੁਰਾ | 9618 |
| 7 | ਗੁਰਦਾਸਪੁਰ (ਗਰਦਾਸਪੁਰ ਸਬਡਵੀਜਨ) | 744092 | 44645 | 17248 | 27397 | ਗੁਰਦਾਸਪੁਰ | 27397 |
| 8 | ਗੁਰਦਾਸਪੁਰ (ਬਟਾਲਾ/ਡੇਰਾ | 733765 | 44026 | 12984 | 31042 | ਬਟਾਲਾ | 31042 |

| | | | | | | | |
|---|---|---|---|---|---|---|---|
| | ਬਾਬਾ ਨਾਨਕ ਸਬਡਵੀਜ਼ਨ) | | | | | | |
| 9 | ਹੁਸ਼ਿਆਰਪੁਰ | 1480736 | 88844 | 23729 | 65115 | ਹੁਸ਼ਿਆਰਪੁਰ | 65115 |
| 10 | ਜਲੰਧਰ | 1962700 | 117762 | 42069 | 75639 | ਜਲੰਧਰ-1<br>ਜਲੰਧਰ-2 | 75693 |
| 11 | ਕਪੂਰਥਲਾ | 754521 | 45271 | 12893 | 32378 | ਕਪੂਰਥਲਾ | 32378 |
| 12 | ਲੁਧਿਆਣਾ | 3032831 | 181970 | 60518 | 121452 | ਲੁਧਿਆਣਾ-1<br>ਲੁਧਿਆਣਾ-2<br>ਲੁਧਿਆਣਾ-3<br>ਲੁਧਿਆਣਾ-4<br>ਲੁਧਿਆਣਾ-5<br>ਲੁਧਿਆਣਾ-6 | 121452 |
| 13 | ਮੁਹਾਲੀ<br>ਰੋਪੜ<br>**ਕੁੱਲ** | 994628<br>762431<br>**1767059** | 106023 | 29893 | 76130 | ਮੁਹਾਲੀ | 76130 |
| 14 | ਸ਼ਹੀਦ ਭਗਤ ਸਿੰਘ ਨਗਰ | 612310 | 36739 | 21289 | 15450 | ਜਲੰਧਰ-3 | 15450 |
| 15 | ਪਟਿਆਲਾ | 1827562 | 109653 | 48018 | 61635 | ਪਟਿਆਲਾ | 61635 |
| 16 | ਪਠਾਨਕੋਟ | 626154 | 37570 | 27255 | 10315 | ਪਠਾਨਕੋਟ | 10315 |
| 17 | ਸੰਗਰੂਰ<br>ਬਰਨਾਲਾ<br>**ਕੁੱਲ** | 1473242<br>595527<br>**2068769** | 124126 | 75946 | 48180 | ਸੰਗਰੂਰ | 48180 |
| 18 | ਤਰਨਤਾਰਨ | 119627 | 67178 | 10861 | 56317 | ਅੰਮ੍ਰਿਤਸਰ-3 | 56317 |

ਉਪਰੋਕਤ ਦਰਸਾਏ ਅਨੁਸਾਰ ਸਾਲ 2017-18 ਦੌਰਾਨ 9.53 ਲੱਖ ਹੋਰ ਉਸਾਰੀ ਕਿਰਤੀਆਂ ਨੂੰ ਰਜਿਸਟਰ ਕਰਨ ਦਾ ਟੀਚਾ ਮਿਥਿਆ ਗਿਆ ਹੈ। ਇਸ ਸਬੰਧ ਵਿਚ ਆਪ ਐਨ.ਜੀ.ਓਜ਼ ਅਤੇ ਟਰੇਡ ਯੂਨਿਅਨਾਂ ਦੇ ਨੁਮਾਇੰਦਿਆਂ ਦੀ ਮਦਦ ਲੈਂਦੇ ਹੋਏ ਵਿਸ਼ੇਸ਼ ਮੁਹਿੰਮ ਚਲਾਕੇ ਵੱਧ ਤੋਂ ਵੱਧ ਯੋਗ ਉਸਾਰੀ ਕਿਰਤੀਆਂ ਨੂੰ ਰਜਿਸਟਰ ਕਰਨ ਪ੍ਰਤੀ ਕਾਰਵਾਈ ਕਰੋ।ਸਰਕਲ ਵਾਈਜ਼ ਮਿੱਥੇ ਗਏ ਟੀਚਿਆਂ ਦੇ ਸੰਬਧ ਵਿਚ ਲਿਖਿਆ ਜਾਂਦਾ ਹੈ ਕਿ ਆਪ ਆਪਣੇ ਅਧੀਨ ਕੰਮ ਕਰ ਰਹੇ ਕਿਰਤ ਇੰਨਸਪੈਕਟਰਾਂ/ਐਲ.ਈ.ਓਜ਼ ਵਿਚਕਾਰ ਉਹਨਾ ਦੇ ਸਰਕਲਾਂ ਨੂੰ ਮੁੱਖ ਰਖਦੇ ਹੋਏ ਆਪਣੀ ਪੱਧਰ ਤੇ ਟੀਚੇ ਨਿਰਧਾਰਤ ਕਰਦੇ ਹੋਏ ਸੂਚਨਾ ਇਸ ਦਫਤਰ ਨੂੰ ਭੇਜੀ ਜਾਵੇ। ਮਿੱਥੇ ਗਏ ਟੀਚੇ ਨੂੰ ਪੂਰਾ ਕਰਨ ਵੇਲੇ ਇਸ ਗਲ ਦਾ ਵਿਸ਼ੇਸ਼ ਧਿਆਨ ਰਖਿਆ ਜਾਵੇ ਕਿ ਉਸਾਰੀ ਕਿਰਤੀਆਂ ਦੀ ਰਜਿਸਟਰੇਸ਼ਨ ਬੀ.ਓ.ਸੀ.ਡਬਲਿਯੂ ਐਕਟ 1996 ਦੇ ਉਪਬੰਧਾ ਅਧੀਨ ਹੋਣੀ ਚਾਹੀਦੀ ਹੈ।

ਡਿਪਟੀ ਸਕੱਤਰ
ਵਾਸਤੇ ਸਕੱਤਰ ਬੋਰਡ

ਪਿਠਅੰਕਣ ਨੰ: ਨੰ:ਬਕਵਵਬ/ਸ-3/2017-18/ 4610
ਮਿਤ: 16.6.17

ਇਸਦਾ ਉਤਾਰਾ ਕਿਰਤ ਕਮਿਸ਼ਨਰ, ਪੰਜਾਬ, ਐਸ.ਸੀ.ਓ ਨੰ:47-48, ਸੈਕਟਰ 17ਈ, ਚੰਡੀਗੜ੍ਹ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਸਕੱਤਰ
ਵਾਸਤੇ ਸਕੱਤਰ ਬੋਰਡ